**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**
**ਫੋਨ ਨੰਬਰ:0172-2212221**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),(ਸੈ.ਸਿ.),
ਸਮੂਹ ਪ੍ਰਿੰਸੀਪਲ ਡਾਇਟ,ਪੰਜਾਬ

ਮੀਮੋ ਨੰ:SCERT/SCIENCE/202100538

ਮਿਤੀ: 23-03-21

**ਵਿਸ਼ਾ:** **ਨਵ ਨਿਯੁਕਤ ਅਧਿਆਪਕਾਂ ਦੀ ਚਾਰ ਰੋਜ਼ਾ ਟ੍ਰੇਨਿੰਗ ਕਰਵਾਉਣ ਸਬੰਧੀ।**

**ਹਵਾਲਾ:** SCERT/Science/20219383 **ਮਿਤੀ 16.03.2021 ਰਾਹੀਂ**
SCERT/Science/202197130 **ਮਿਤੀ 19.03.2021 ਰਾਹੀਂ**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅੰਕਿਤ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮੁੱਖ ਦਫ਼ਤਰ ਵੱਲੋਂ ਨਵ-ਨਿਯੁਕਤ ਅਧਿਆਪਕਾਂ ਦੀ 04 ਰੋਜ਼ਾ ਟ੍ਰੇਨਿੰਗ ਮਿਤੀ 19.03.2021,20.03.2021, 22.03.21 ਅਤੇ 23.03.2021 ਨੂੰ ਕਰਵਾਈ ਜਾ ਰਹੀ ਹੈ। ਇਸ ਦੀ ਲਗਾਤਾਰਤਾ ਵਿੱਚ ਵਿਭਾਗ ਵੱਲੋਂ ਨਵ-ਨਿਯੁਕਤ ਅਧਿਆਪਕਾਂ ਦੀ Capacity Building ਲਈ ਇਹਨਾਂ ਨਵ-ਨਿਯੁਕਤ ਅਧਿਆਪਕਾਂ ਨੂੰ ਚਾਰ ਦਿਨਾਂ ਦੀ ਹੋਰ ਟ੍ਰੇਨਿੰਗ ਦਿੱਤੀ ਜਾਣੀ ਹੈ।

3.0 ਇਹ ਟ੍ਰੇਨਿੰਗ ਪਹਿਲਾਂ ਤੋਂ ਹੀ ਬਣਾਏ ਗਏ ਸੈਂਟਰਾਂ ਤੇ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ।

- **ਮਿਤੀ 24 ਮਾਰਚ ਤੋਂ 27 ਮਾਰਚ 2021 (04 ਰੋਜ਼ਾ)**
- **ਟ੍ਰੇਨਿੰਗ ਦਾ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ**

4.0 ਇਸ ਚਾਰ ਰੋਜ਼ਾ ਟ੍ਰੇਨਿੰਗ ਵਿੱਚ ਨਵ ਨਿਯੁਕਤ ਅਧਿਆਪਕਾਂ ਨੂੰ Lesson Plan, Learning Outcomes, NAS ਅਧਾਰਿਤ ਪ੍ਰਸ਼ਨ ਬਣਾਉਣਾ, ਪ੍ਰੋਜੈਕਟਰ/ਟੈਬਲੇਟ ਦੀ ਵਰਤੋਂ ਅਤੇ Diksha App ਦੀ ਵਰਤੋਂ ਸਬੰਧੀ ਸਮੁੱਚੀ ਟ੍ਰੇਨਿੰਗ ਦਿੱਤੀ ਜਾਵੇਗੀ।

5.0 ਉਕਤ ਹਵਾਲਾ ਪੱਤਰ ਅਨੁਸਾਰ ਪ੍ਰਤੀ ਅਧਿਆਪਕ, ਪ੍ਰਤੀ ਦਿਨ 120/-ਰੁ: ਦੇ ਹਿਸਾਬ ਨਾਲ ਰਾਸ਼ੀ ਜ਼ਿਲ੍ਹਿਆਂ ਨੂੰ ਭੇਜੀ ਗਈ ਹੈ, ਕਿਉਂਕਿ ਹੁਣ ਟ੍ਰੇਨਿੰਗ ਸਥਾਨਾਂ ਤੇ ਟ੍ਰੇਨਿੰਗ ਸਬੰਧੀ ਲੋੜੀਂਦੇ ਪ੍ਰਬੰਧ ਕਰ ਲਏ ਗਏ ਹਨ। ਇਸ ਲਈ ਹੁਣ ਇਹਨਾਂ ਟ੍ਰੇਨਿੰਗਾਂ ਦੇ ਲਈ ਪ੍ਰਤੀ ਅਧਿਆਪਕ ਪ੍ਰਤੀ ਦਿਨ 70/-ਰੁ: ਦੇ ਹਿਸਾਬ ਨਾਲ ਰਾਸ਼ੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਟਰਾਂਸਫਰ ਕੀਤੀ ਜਾ ਰਹੀ ਹੈ।

6.0 ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਸਬੰਧਤ ਡਾਇਟ ਨੂੰ ਇਹ ਰਾਸ਼ੀ ਤੁਰੰਤ ਟਰਾਂਸਫਰ ਕੀਤੀ ਜਾਵੇਗੀ ਅਤੇ ਡਾਇਟਾਂ ਵੱਲੋਂ ਟ੍ਰੇਨਿੰਗ ਸਬੰਧੀ ਲੋੜੀਂਦੇ ਪ੍ਰਬੰਧਾਂ ਲਈ ਇਹ ਰਾਸ਼ੀ ਖਰਚੀ ਜਾਵੇਗੀ।

7.0 ਟ੍ਰੇਨਿੰਗ ਦੌਰਾਨ ਕੋਵਿਡ-19 ਦੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

8.0 ਬਾਕੀ ਹਦਾਇਤਾਂ ਪਹਿਲਾਂ ਜਾਰੀ ਕੀਤੇ ਪੱਤਰਾਂ ਅਨੁਸਾਰ ਹੋਣਗੀਆਂ।

ਡਾ. ...
**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: 23-03-21

ਉਪਰੋਕਤ ਦਾ ਉਤਾਰਾ ਸਮੂਹ ਨਵ-ਨਿਯੁਕਤ ਅਧਿਆਪਕਾਂ ਨੂੰ ਭੇਜਿਆ ਜਾਂਦਾ ਹੈ।

ਡਾ. ...
**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**